# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।

## ਪ੍ਰੈਸ ਨੋਟ

## ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਾਲਾਂ ਨੇ ਗਊਧਨ ਦੀ ਸਾਭ ਸੰਭਾਲ ਲਈ ਬਣਾਏ ਜਾ ਰਹੇ ਕੈਂਟਲ ਪਾਊਂਡ ਦੇ ਨਿਰਮਾਣ ਕਾਰਜਾਂ ਦਾ ਲਿਆ ਜਾਇਜ਼ਾ।

## ਕੈਂਟਲ ਪਾਂਊਡ ਦੇ ਨਿਰਮਾਣ ਦਾ ਕੰਮ ਨਿਰਧਾਰਤ ਸਮੇਂ ਵਿੱਚ ਪੂਰਾ ਕੀਤਾ ਜਾਵੇਗਾ।

ਹੁਸ਼ਿਆਰਪੁਰ 16 ਫਰਵਰੀ ਨਗਰ ਨਿਗਮ ਵੱਲੋ ਗਊਧਨ ਦੀ ਸਾਭ ਸੰਭਾਲ ਲਈ ਮਹਾਂਵੀਰ ਸੈਤੂ ਦੇ ਨਜਦੀਕ ਬਣਾਏ ਜਾ ਰਹੇ ਕੈਟਲ ਪਾਊਂਡ ਦੇ ਨਿਰਮਾਣ ਦੇ ਕੰਮ ਦਾ ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਾਲਾਂ ਨੇ ਮੋਕੇ ਤੇ ਜਾ ਕੇ ਜਾਇਜਾ ਲਿਆ।ਨਗਰ ਨਿਗਮ ਦੇ ਕਾਰਜਕਾਰੀ ਇੰਜੀਨੀਅਰ ਸਤੀਸ਼ ਸੈਣੀ, ਐਸ.ਡੀ.ਓ ਕੁਲਦੀਪ ਸਿੰਘ, ਕੋਂਸਲਰ ਬਿਕਰਮਜੀਤ ਸਿੰਘ ਕਲਸੀ, ਰਾਹੂਲ ਸ਼ਰਮਾ ਅਤੇ ਜੱਸੀ ਵੀ ਇਸ ਮੋਕੇ ਤੇ ਉਹਨ੍ਹਾਂ ਦੇ ਨਾਲ ਸਨ। ਸੀਨੀਅਰ ਡਿਪਟੀ ਮੇਅਰ ਨੇ ਕੈਟਲ ਪਾਊਡ ਦੇ ਨਿਰਮਾਣ ਦੀ ਪ੍ਰਗਤੀ ਸਬੰਧੀ ਜਾਇਜਾ ਲੈਣ ਉਪਰੰਤ ਸਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਨਿਰਮਾਣ ਦੇ ਕੰਮ ਵਿੱਚ ਤੇਜੀ ਲਿਆਂਦੀ ਜਾਵੇ ਤਾ ਜ਼ੋ ਇਸ ਨੂੰ ਨਿਰਧਾਰਤ ਸਮੇਂ ਵਿੱਚ ਮੁਕੰਮਲ ਕੀਤਾ ਜਾ ਸਕੇ ਅਤੇ ਸ਼ਹਿਰ ਵਿੱਚ ਘੁੰਮ ਰਹੇ ਪਸ਼ੂ ਧਨ ਦੀ ਸਾਭ ਸੰਭਾਲ ਕਰਕੇ ਸ਼ਹਿਰ ਵਾਸੀਆਂ ਨੂੰ ਇਸ ਤੋਂ ਨਿਜਾਤ ਦਵਾਈ ਜਾ ਸਕੇ। ਉਹਨ੍ਹਾਂ ਨੇ ਦਸਿੱਆ ਕਿ ਨਗਰ ਨਿਗਮ ਦੇ ਕੈਂਟਲ ਪਾਊਂਡ ਵਿੱਚ ਗਊ ਧਨ ਦੀ ਸਾਭ ਸੰਭਾਲ ਲਈ ਸਾਰੀਆਂ ਸੁਵਿਧਾਵਾਂ ਜਿਵੇ ਕਿ ਡਾਕਟਰੀ ਸਹਾਇਤਾ, ਚਾਰਾ ਆਦਿ ਉਪਲਬੱਧ ਕਰਵਾਈਆਂ ਜਾਣਗੀਆਂ। ਉਹਨ੍ਹਾਂ ਨੇ ਦਸਿੱਆ ਕਿ ਕੈਟਲ ਪਾਂਊਡ ਵਿੱਚ ਅਵਾਰਾ ਕੁਤਿੱਆ ਨੂੰ ਰਖੱਣ ਲਈ ਵਿਸ਼ੇਸ਼ ਡੋਗ ਪਾਂਊਡ ਵੀ ਬਣਾਇਆ ਜਾ ਰਿਹਾ ਹੈ।